# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

WORLD PUNJABI TIMES
REACHING THE WORLD

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 24 ਅਕਤੂਬਰ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰੀ ਵਿਚ ਅੰਗਰੇਜ਼ੀ ਮੈਗਜ਼ੀਨ 'ਕੈਨੇਡਾ ਟੈਬਲਾਇਡ' ਦਾ ਦੀਵਾਲੀ ਵਿਸ਼ੇਸ਼ ਅੰਕ ਰੀਲੀਜ਼

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 24 ਅਕਤੂਬਰ : ਸਰੀ ਵਿਚ ਜਸਵਿੰਦਰ ਦਿਲਾਵਰੀ ਵੱਲੋਂ ਅੰਗਰੇਜ਼ੀ ਭਾਸ਼ਾ ਵਿੱਚ ਪਿਛਲੇ 11 ਸਾਲਾਂ ਤੋਂ ਨਿਰੰਤਰ ਪ੍ਰਕਾਸ਼ਿਤ ਕੀਤੇ ਜਾ ਰਹੇ ਮੈਗਜ਼ੀਨ 'ਕੈਨੇਡਾ ਟੈਬਲਾਇਡ'ਦਾ ਦੀਵਾਲੀ ਵਿਸ਼ੇਸ਼ ਅੰਕ ਬੀਤੇ ਦਿਨ ਟਰੇਡ ਮੈਨ ਐਸੋਸੀਏਸ਼ਨ ਆਫ ਬੀ.ਸੀ. ਦੇ ਦਫ਼ਤਰ ਸਰੀ ਵਿਖੇ ਇੱਕ ਸੰਖੇਪ ਪਰ ਪ੍ਰਭਾਵਸ਼ਾਲੀ ਸਮਾਗਮ ਵਿੱਚ ਰਿਲੀਜ਼ ਕੀਤਾ ਗਿਆ। ਇਸ ਮੌਕੇ ਸ਼ਹਿਰ ਦੀਆਂ ਕਈ ਮੁੱਖ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ। ਇਸ ਵਿਸ਼ੇਸ਼ ਅੰਕ ਦੀ ਕਵਰ ਸਟੋਰੀ ਕੈਨੇਡਾ ਦੀ ਪ੍ਰਸਿੱਧ ਸ਼ਖ਼ਸੀਅਤ ਰਮਨ ਸ਼ਰਮਾ 'ਤੇ ਆਧਾਰਤ ਹੈ, ਜਿਨ੍ਹਾਂ ਦੀ ਤਸਵੀਰ ਮੈਗਜ਼ੀਨ ਦੇ ਮੁੱਖ ਪੰਨੇ 'ਤੇ ਸੁਸ਼ੋਭਿਤ ਹੈ।

ਸਮਾਗਮ ਦਾ ਆਗਾਜ਼ ਰਮਨ ਸ਼ਰਮਾ ਦੇ ਮੋਹ ਭਰੇ ਸਵਾਗਤੀ ਸ਼ਬਦਾਂ ਨਾਲ ਹੋਇਆ। ਇਸ ਵਿਸ਼ੇਸ਼ ਮੌਕੇ 'ਤੇ ਪ੍ਰੋ. ਸੀ.ਜੇ. ਸਿੱਧੂ (ਸਾਂਝਾ ਟੀਵੀ), ਹਰਪ੍ਰੀਤ ਸਿੰਘ ਮਾਨਕਟਲਾ, ਹਰਦਮ ਮਾਨ, ਐਡਵੋਕੇਟ ਅਵਤਾਰ ਸਿੰਘ ਧਨੋਆ, ਨਿਰੰਜਨ ਸਿੰਘ ਲਹਿਲ, ਰਜੇਸ਼ ਜਿੰਦਲ, ਅਸ਼ਵਨੀ ਕਾਲੀਆ, ਅੰਮ੍ਰਿਤਪਾਲ ਸਿੰਘ ਢੋਟ, ਬਲਬੀਰ ਢਿੱਲੋਂ, ਦੁਪਿੰਦਰ ਕੌਰ ਸਰਾਂ, ਇਕਬਾਲ ਬੈਂਸ, ਹਮੀਦ ਖ਼ਾਨ ਵਫਾ, ਅਜਮੇਰ ਸਿੰਘ ਭਾਗਪੁਰ, ਅਮਰ ਢਿੱਲੋਂ, ਤਸੀਰ ਕਪਲਾ, ਗੁਲਾਬ ਅਰੋੜਾ, ਜਿਆ ਸ਼ਰਮਾ, ਦਿਵਕਾ ਰਾਣਾ ਡਡਵਾਲ, ਸੰਜੀਵ ਸ਼ਰਮਾ, ਸ਼ੈਮ ਸ਼ਰਮਾ, ਰਵੀ ਕਾਲੀਆ, ਦਮਨਜੀਤ ਸਿੰਘ ਬਾਸੀ, ਗੁਰਜੋਤ ਸਿੰਘ ਚੀਮਾ, ਓਂਕਾਰ ਸਿੰਘ ਸਿੱਧੂ (ਮੋਹਾਲੀ), ਹਰਪ੍ਰੀਤ ਕੌਰ ਜੋਸ਼ਨ ਅਤੇ ਮਲਕੀਤ ਸਿੰਘ ਰੰਧਾਵਾ ਵਰਗੀਆਂ ਸ਼ਖ਼ਸੀਅਤਾਂ ਮੌਜੂਦ ਸਨ।

ਅੰਤ ਵਿੱਚ ਜਸਵਿੰਦਰ ਸਿੰਘ ਦਿਲਾਵਰੀ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਮੈਗਜ਼ੀਨ ਨਾਲ ਜੁੜੇ ਸਹਿਯੋਗੀਆਂ ਦੀ ਸ਼ਲਾਘਾ ਕੀਤੀ।

ਗੌਰਤਲਬ ਹੈ ਕਿ ਜਸਵਿੰਦਰ ਸਿੰਘ ਦਿਲਾਵਰੀ ਸਿਰਫ਼ ਇੱਕ ਪ੍ਰਸਿੱਧ ਪ੍ਰਕਾਸ਼ਕ ਹੀ ਨਹੀਂ, ਸਗੋਂ ਸਮਾਜ ਸੇਵਾ ਦੇ ਖੇਤਰ ਵਿੱਚ ਵੀ ਸਰਗਰਮ ਹਨ। ਲੋਕ ਭਲਾਈ ਕਾਰਜਾਂ ਪ੍ਰਤੀ ਸਮਰਪਿਤ ਰਹਿੰਦੇ ਹੋਏ ਉਨ੍ਹਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ "ਚੜ੍ਹਦੀ ਕਲਾ ਬ੍ਰਦਰਹੁਡਜ਼ ਵੈਲਫੇਅਰ ਐਸੋਸੀਏਸ਼ਨ" ਦਾ ਗਠਨ ਕੀਤਾ ਹੈ, ਜੋ ਸਮਾਜਿਕ ਦੀ ਬਿਹਤਰੀ ਲਈ ਸੇਵਾ ਕਾਰਜਾਂ ਵਿੱਚ ਸਰਗਰਮ ਯੋਗਦਾਨ ਪਾ ਰਹੀ ਹੈ।

## ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਖੇ ਬੰਦੀ ਛੋੜ ਦਿਵਸ ਧੂਮਧਾਮ ਨਾਲ ਮਨਾਇਆ ਗਿਆ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 24 ਅਕਤੂਬਰ : ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਖੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਬੰਦੀ ਛੋੜ ਦਿਵਸ ਸੰਗਤਾਂ ਨੇ ਬੜੀ ਧੂਮਧਾਮ ਨਾਲ ਮਨਾਇਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਬਲਿਕ ਰਿਲੇਸ਼ਨ ਸਕੱਤਰ ਸੁਰਿੰਦਰ ਸਿੰਘ ਜੱਬਲ ਨੇ ਦੱਸਿਆ ਹੈ ਕਿ ਸਾਰਾ ਦਿਨ ਕਥਾ ਕੀਰਤਨ ਦਾ ਪ੍ਰਵਾਹ ਚੱਲਿਆ। ਕਿਣਮਿਣ ਤੇ ਬੱਦਲਵਾਈ ਦੇ ਬਾਵਜੂਦ ਵੀ ਸੰਗਤਾਂ ਦਰਬਾਰ ਹਾਲ ਵਿਚ ਸਾਰਾ ਦਿਨ ਲਗਾਤਾਰ ਗੁਰੂ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਨਤਮਸਤਕ ਹੋਈਆਂ। ਸ਼ਾਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਨਮੁੱਖ ਆਪੋ ਆਪਣੀ ਮਨੋਕਾਮਨਾਵਾਂ ਦੀ ਪੂਰਤੀ ਲਈ ਸ਼ਰਧਾ ਤੇ ਸਤਿਕਾਰ ਨਾਲ ਮੱਥਾ ਟੇਕਿਆ।

ਗੁਰਦੁਆਰਾ ਸਾਹਿਬ ਦੇ ਬਾਹਰਵਾਰ ਲਾਈ ਗਈ ਪੁਸਤਕ ਪ੍ਰਦਰਸ਼ਨੀ ਨੇ ਪਾਠਕਾਂ ਨੂੰ ਉਤਸ਼ਾਹਤ ਕੀਤਾ। ਸ਼ਰਧਾਲੂਆਂ ਨੇ ਨਿਸ਼ਾਨ ਸਾਹਿਬ ਦੇ ਆਲੇ ਦੁਆਲੇ ਦੀਵੇ ਬਾਲ ਕੇ ਸਦੀਆਂ ਤੋਂ ਚੱਲੀ ਆ ਰਹੀ ਪ੍ਰਥਾ ਦੀਵਾਲੀ ਦੀ ਹਨੇਰੀ ਰਾਤ ਨੂੰ ਕੁਝ ਪਲਾਂ ਲਈ ਜਗ ਮਗ ਕੀਤਾ ਤੇ ਬੰਦੀ ਛੋੜ ਦਿਵਸ ਸਨਿਮਰ ਦੀਪਮਾਲਾ ਨਾਲ ਖੁਸ਼ੀ ਦਾ ਇਜ਼ਹਾਰ ਕੀਤਾ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਦੀਵਾਲੀ ਕੀ ਰਾਤ ਦੀਵੇ ਬਾਲੇ ਜਾਂਦੇ ਹਨ ਪਰ ਕੁਝ ਚਿਰ ਬਾਅਦ ਬੁਝ ਜਾਂਦੇ ਹਨ, ਦੀ ਉਦਾਹਰਣ ਦਰਸਾ ਕੇ 'ਗੁਰਮੁਖ ਸੁਖਫਲ ਦਾਤ ਸ਼ਬਦ ਸਮ੍ਹਾਲੀਅਨ' ਨੂੰ ਗੁਰਦੁਆਰਾ ਸਟੇਜ ਤੋਂ ਗਿਆਨੀ ਜੀ ਅਤੇ ਕੀਰਤਨੀ ਜੱਥਿਆਂ ਰਾਹੀਂ ਪ੍ਰੇਰਿਆ।

ਇਸ ਮੌਕੇ ਸੰਗਤ ਨੂੰ ਸੂਚਿਤ ਕੀਤਾ ਗਿਆ ਕਿ 25 ਅਕਤੂਬਰ ਦਿਨ ਸਨਿਚਰਵਾਰ ਨੂੰ 'ਫਾਰਮੇਸੀ 24' ਵੱਲੋਂ ਫਲੂਅ ਦੇ ਟੀਕੇ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ ਇਕ ਵਜੇ ਤੀਕ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿਚ ਲਾਏ ਜਾਣਗੇ। ਪ੍ਰਬੰਧਕਾਂ ਵੱਲੋਂ ਇਹ ਫਲੂਅ ਟੀਕੇ ਲਵਾਉਣ ਲਈ ਆਪੋ ਆਪਣੇ ਕੇਅਰ ਕਾਰਡ ਨਾਲ ਲੈ ਕੇ ਆਉਣ ਦੀ ਤਾਕੀਦ ਕੀਤੀ ਗਈ।

## ਸਮਾਜਿਕ ਤਬਦੀਲੀ ਦੀ ਸ਼ੁਰੂਆਤ ' ਮੈਂ ' ( ਸ਼ੈਲਫ਼ ) ਤੋਂ ਹੋਵੇਗੀ , ਆਓ ਸਾਰੇ ਚੰਗੇ ਸਮਾਜ ਦੀ ਸਿਰਜਣਾ ਲਈ ਰਲ ਮਿਲਕੇ ਹੰਭਲਾ ਮਾਰੀਏ – ਡਾ . ਪ੍ਰਭਦੇਵ ਸਿੰਘ ਬਰਾੜ

### ਸਰਕਾਰੀ ਹਾਈ ਸਕੂਲ ਢਿੱਲਵਾਂ ਕਲਾਂ ਦੇ ਹੋਣਹਾਰ ਵਿਦਿਆਰਥੀਆਂ ਦਾ ਨਗਦ ਰਾਸ਼ੀ ਨਾਲ ਕੀਤਾ ਗਿਆ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ




ਕੋਟਕਪੂਰਾ, 24 ਅਕਤੂਬਰ : ਸਮਾਜਿਕ ਤਬਦੀਲੀ ਦੀ ਸ਼ੁਰੂਆਤ ਸਾਨੂੰ ਸਾਰਿਆਂ ਨੂੰ ' ਮੈਂ ( ਸ਼ੈਲਫ਼ ) ' ਤੋਂ ਕਰਨੀ ਪਵੇਗੀ ਤਾਂ ਹੀ ਸਮਾਜ ਵਿੱਚ ਦਿਨੋ ਦਿਨ ਪੈਦਾ ਹੋ ਰਹੀਆਂ ਕੁਈ ਕੁਰੀਤੀਆਂ ਨੂੰ ਠੱਲ੍ਹ ਪੈ ਸਕਦੀ ਹੈ , ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਡਾਕਟਰ ਪ੍ਰਭਦੇਵ ਸਿੰਘ ਬਰਾੜ ਅੱਖਾਂ ਦੇ ਮਾਹਿਰ ਨੇ ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੋਸਾਇਟੀ ਵੱਲੋਂ ਇੱਥੋਂ ਥੋੜੀ ਦੂਰ ਸ਼ਹੀਦ ਗੁਰਪ੍ਰੀਤ ਸਿੰਘ ਪੀ ਐਮ ਸ੍ਰੀ ਸਰਕਾਰੀ ਹਾਈ ਸਕੂਲ ਢਿੱਲਵਾਂ ਕਲਾਂ ਵਿਖੇ ਆਪਣੇ ਸਤਿਕਾਰਯੋਗ ਪਿਤਾ ਅਤੇ ਸਕੂਲ ਦੇ ਪਹਿਲੇ ਮੁੱਖ ਅਧਿਆਪਕ ਸ . ਜਗਦੇਵ ਸਿੰਘ ਬਰਾੜ ਦੀ ਨਿੱਘੀ ਯਾਦ ਵਿੱਚ ਹੋਏ ਵਿਦਿਆਰਥੀ ਸਨਮਾਨ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ ਗਿਆ । ਸਮਾਗਮ ਦੇ ਸ਼ੁਰੂ ਵਿੱਚ ਸਕੂਲ ਦੇ ਮੁੱਖ ਅਧਿਆਪਕ ਬਲਵਿੰਦਰ ਸਿੰਘ ਸਿੱਧੂ ਵੱਲੋਂ ਸਮੂਹ ਹਾਜ਼ਰੀਨ ਨੂੰ ਜੀ ਆਇਆਂ ਆਖਿਆ ਅਤੇ ਆਪਣੇ ਸਕੂਲ ਦੀਆਂ ਵਿਦਿਅਕ ਅਤੇ ਖੇਡਾਂ ਦੇ ਖੇਤਰ ਵਿੱਚ ਕੀਤੀਆਂ ਗਈਆਂ ਸ਼ਾਨਦਾਰ ਪ੍ਰਾਪਤੀਆਂ ਸਾਂਝੀਆਂ ਕੀਤੀਆਂ ਗਈਆਂ। ਸਨਮਾਨ ਸਮਾਗਮ ਨੂੰ ਸੰਬੋਧਨ ਕਰਦਿਆਂ ਸੁਸਾਇਟੀ ਦੇ ਅਹੁਦੇਦਾਰ ਪ੍ਰੇਮ ਚਾਵਲਾ, ਕੁਲਵੰਤ ਸਿੰਘ ਚਾਨੀ , ਗੁਰਿੰਦਰ ਸਿੰਘ ਮਹਿੰਦੀਰੱਤਾ, ਸੋਮ ਨਾਥ ਅਰੋੜਾ, ਦਰਸ਼ਨ ਸਿੰਘ ਫੌਜੀ ਅਤੇ ਇਕਬਾਲ ਸਿੰਘ ਮੰਘੇੜਾ ਨੇ ਸੋਸਾਇਟੀ ਵੱਲੋਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਪਿਛਲੇ 8, ਸਾਲਾਂ ਤੋਂ ਕੀਤੇ ਜਾ ਰਹੇ ਕਾਰਜਾਂ ਸਬੰਧੀ ਰੌਸ਼ਨੀ ਪਾਈ। ਸਮਾਗਮ ਦੌਰਾਨ ਮੁੱਖ ਮਹਿਮਾਨ ਡਾਕਟਰ ਪ੍ਰਭਦੇਵ ਸਿੰਘ ਬਰਾੜ ਨੇ ਸਕੂਲ ਦੇ ਛੇਵੀ ਤੋਂ ਦਸਵੀਂ ਜਮਾਤ ਤੱਕ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਦੇ ਨਾਲ - ਨਾਲ ਵਿਦਿਅਕ ਸੈਸ਼ਨ 2024-25 ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸੰਚਾਲਿਤ ਦਸਵੀਂ ਜਮਾਤ ਦੀ ਪ੍ਰੀਖਿਆ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਨ ਵਾਲੇ ਨਵਦੀਪ ਕੌਰ ਪੁੱਤਰੀ ਬਿੰਦਰ ਸਿੰਘ ਨੂੰ ਨਗਦ ਰਾਸ਼ੀ 15000 ਰੁਪਏ , ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਅੰਮ੍ਰਿਤਪਾਲ ਕੌਰ ਪੁੱਤਰੀ ਸਿੰਦਰਪਾਲ ਸਿੰਘ ਨੂੰ ਨਗਦ ਰਾਸ਼ੀ 13000 ਰੁਪਏ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਨਵਦੀਪ ਕੌਰ ਪੁੱਤਰੀ ਨਿਰਮਲ ਸਿੰਘ ਨੂੰ ਨਗਦ ਰਾਸ਼ੀ 11000 ਰੁਪਏ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਸਮਾਗਮ ਸਾਦਾ ਅਤੇ ਪ੍ਰਭਾਵਸ਼ਾਲੀ ਹੋ ਨਿਬੜਿਆ । ਇਸ ਸਮਾਗਮ ਦਾ ਸਟੇਜ ਸੰਚਾਲਨ ਗੁਰਸ਼ਰਨ ਸਿੰਘ ਸਾਇੰਸ ਮਾਸਟਰ ਵੱਲੋਂ ਬਾਖੂਬੀ ਨਿਭਾਇਆ ਗਿਆ। ਇਸ ਮੌਕੇ ਸਕੂਲ ਦੇ ਪੰਜਾਬੀ ਅਧਿਆਪਕ ਰੁਪਿੰਦਰ ਸਿੰਘ ਅਤੇ ਸਮੁੱਚੇ ਸਟਾਫ ਮੈਂਬਰ ਹਾਜ਼ਰ ਸਨ।

## ਮਨਪ੍ਰੀਤ ਕਲੇਰ ਦੀ ਪੁਸਤਕ 'ਸੋਚਾਂ ਦੇ ਖੰਭ' ਸਰੀ ਅਤੇ ਬਰੈਂਪਟਨ 'ਚ ਰਿਲੀਜ਼ ਕੀਤੀ ਗਈ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 24 ਅਕਤੂਬਰ : ਬੀਤੇ ਦਿਨ ਗੁਲਾਟੀ ਪਬਲਿਸ਼ਰਜ਼ ਸਰੀ ਵਿਖੇ ਮਨਪ੍ਰੀਤ ਕਲੇਰ ਦੀ ਕਾਵਿ-ਪੁਸਤਕ 'ਸੋਚਾਂ ਦੇ ਖੰਭ ਰਿਲੀਜ਼ ਕੀਤੀ ਗਈ। ਪੁਸਤਕ ਲੋਕ ਅਰਪਣ ਕਰਨ ਦੀ ਰਸਮ ਵੈਨਕੂਵਰ ਵਿਚਾਰ ਮੰਚ ਦੇ ਸਰਪ੍ਰਸਤ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਫਿਲਮ ਅਦਾਕਾਰ ਅੰਗਰੇਜ਼ ਬਰਾੜ, ਨਾਟ-ਕਰਮੀ ਸਰਦੂਲ ਸਿੰਘ ਮਾਨ, ਕਵਿੱਤਰੀ ਬਮਲਜੀਤ ਮਾਨ, ਸ਼ਾਇਰ ਸਤੀਸ਼ ਗੁਲਾਟੀ, ਹਰਦਮ ਮਾਨ ਅਤੇ ਕਰਮਜੀਤ ਮਾਨ ਨੇ ਅਦਾ ਕੀਤੀ।

ਸਤੀਸ਼ ਗੁਲਾਟੀ ਨੇ ਦੱਸਿਆ ਕਿ ਇਹ ਪੁਸਤਕ ਬੀਤੇ ਦਿਨੀਂ ਵਿਸ਼ਵ ਪੰਜਾਬੀ ਭਵਨ ਬਰੈਂਪਟਨ ਵਿਖੇ ਚੇਤਨਾ ਪ੍ਰਕਾਸ਼ਨ ਵੱਲੋਂ ਲਾਏ ਪੁਸਤਕ ਮੇਲੇ ਵਿਚ ਵੀ ਰਿਲੀਜ਼ ਕੀਤੀ ਗਈ ਸੀ ਜਿੱਥੇ ਨਾਮਵਰ ਗ਼ਲਪ ਲੇਖਕ ਡਾ. ਵਰਿਆਮ ਸਿੰਘ ਸੰਧੂ, ਨਾਟਕਕਾਰ ਜਗੀਰ ਸਿੰਘ ਕਾਹਲੋਂ, ਸੁਖਦੇਵ ਸਿੰਘ ਝੰਡ, ਤਰਲੋਚਨ ਤਰਨਤਾਰਨ, ਹਰਜੀਤ ਗਿੱਲ ਅਤੇ ਸਤੀਸ਼ ਗੁਲਾਟੀ ਨੇ ਮਨਪ੍ਰੀਤ ਕਲੇਰ ਤੇ ਉਸ ਦੀ ਜੀਵਨ ਸਾਥਣ ਨੂੰ ਮੁਬਾਰਕਬਾਦ ਦਿੱਤੀ।

ਇਸ ਪੁਸਤਕ ਬਾਰੇ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਇਸ ਪੁਸਤਕ ਵਿਚਲੀਆਂ ਕਵਿਤਾਵਾਂ ਅਸਲੀਅਤ ਦੀ ਖੋਜ ਵਿੱਚ ਡੁੱਬੇ ਮਨੁੱਖ ਦੀ ਆਵਾਜ਼ ਹਨ, ਜੋ ਕਈ ਵਾਰ ਖ਼ੁਦ ਨਾਲ ਟਕਰਾਉਂਦਾ ਹੈ, ਕਈ ਵਾਰ ਸੰਸਾਰ ਨਾਲ। ਇਨ੍ਹਾਂ ਵਿੱਚ ਨਿਰਾਸ਼ਾ ਅਤੇ ਉਮੀਦ, ਦਰਦ ਅਤੇ ਖੁਸ਼ੀ, ਖਾਮੋਸ਼ੀ ਅਤੇ ਆਵਾਜ਼ ਮਿਲ ਕੇ ਮਨੁੱਖੀ ਹੋਂਦ ਦੀ ਗਹਿਰਾਈ ਦਰਸਾਉਂਦੇ ਹਨ। ਕਵੀ ਕਿਸੇ ਨਿਸ਼ਚਿਤ ਨਜ਼ਰੀਏ ਜਾਂ ਵਿਆਖਿਆ ਦੇ ਬੰਧਨ ਵਿੱਚ ਨਹੀਂ, ਬਲਕਿ ਖੁੱਲ੍ਹੇ ਮਨ ਨਾਲ ਆਪਣੇ ਅਨੁਭਵਾਂ ਨੂੰ ਸ਼ਬਦਾਂ ਵਿੱਚ ਪਰੋਂਦਾ ਹੈ। ਇਹ ਕਵਿਤਾਵਾਂ ਕੇਵਲ ਭਾਵਨਾ ਨਹੀਂ, ਸਵੈ-ਚੇਤਨਾ ਦੀ ਆਵਾਜ਼ ਹਨ।

## ਐਮਐਲਏ ਸੁਨੀਤਾ ਧੀਰ ਨੇ ਇੰਡੋ ਕਨੇਡੀਅਨ ਸੋਸਾਇਟੀ ਵੈਨਕੂਵਰ ਦੇ ਬਜ਼ੁਰਗਾਂ ਨਾਲ ਮਨਾਈ ਦੀਵਾਲੀ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਵੈਨਕੂਵਰ, 24 ਅਕਤੂਬਰ : ਵੈਨਕੂਵਰ ਲੰਗਾਰਾ ਦੀ ਐਮਐਲਏ ਸੁਨੀਤਾ ਧੀਰ ਵੱਲੋਂ ਦੀਵਾਲੀ ਦਾ ਤਿਉਹਾਰ ਸਨਸਿਟ ਇੰਡੋ ਕਨੇਡੀਅਨ ਸੋਸਾਇਟੀ ਵੈਨਕੂਵਰ ਦੇ ਬਜ਼ੁਰਗਾਂ ਨਾਲ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਉਹਨਾਂ ਨੇ ਸਮੁੱਚੇ ਭਾਈਚਾਰੇ ਨੂੰ ਦੀਵਾਲੀ ਦੀ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਆਪਣੇ ਬਜ਼ੁਰਗਾਂ ਨਾਲ ਦਿਵਾਲੀ ਮਨਾ ਕੇ ਉਹਨਾਂ ਨੂੰ ਬੜੀ ਖੁਸ਼ੀ ਹੋਈ ਹੈ। ਉਹਨਾਂ ਕਿਹਾ ਕਿ ਕਿਸੇ ਨੂੰ ਕੋਈ ਸਮੱਸਿਆ ਜਾਂ ਕੰਮ ਹੋਵੇ ਤਾਂ ਉਹ ਉਸ ਦੇ ਦਫਤਰ ਆ ਕੇ ਬੇਝਿਜਕ ਦੱਸ ਸਕਦੇ ਹਨ ਅਤੇ ਉਹਨਾਂ ਦੀ ਉਹ ਹਰ ਸਮੱਸਿਆ ਨੂੰ ਹੱਲ ਕਰਨ ਦੀ ਉਹ ਪੂਰੀ ਕੋਸ਼ਿਸ਼ ਕਰਨਗੇ। ਇਸ ਮੌਕੇ ਸੋਸਾਇਟੀ ਵਿੱਚ ਵਲੰਟੀਅਰ ਤੌਰ 'ਤੇ ਵਧੀਆ ਸੇਵਾਵਾਂ ਨਿਭਾ ਰਹੇ ਰਘਵੀਰ ਸਿੰਘ ਉੱਪਲ, ਬਲਕਾਰ ਸਿੰਘ ਲਾਲੀ, ਗੁਰਦਰਸ਼ਨ ਮਠਾੜੂ, ਕਿਰਪਾਲ ਸਿੰਘ ਗਿੱਲ, ਜਸਵਿੰਦਰ ਸਿੰਘ ਬਾਜਵਾ ਅਤੇ ਅਮਰਜੀਤ ਸਿੰਘ ਉੱਭੀ ਨੂੰ ਸੁਨੀਤਾ ਧੀਰ ਵੱਲੋਂ ਸਨਮਾਨ ਪੱਤਰ ਦਿੱਤੇ ਗਏ।

ਸਨਸਿਟ ਇੰਡੋ ਕਨੇਡੀਅਨ ਸੋਸਾਇਟੀ ਵੈਨਕੂਵਰ ਦੀ ਇਸ ਸਭਾ ਦਾ ਆਰੰਭ ਸੁਸਾਇਟੀ ਦੇ ਜਨਰਲ ਸਕੱਤਰ ਸੁਰਜੀਤ ਸਿੰਘ ਮਿਨਹਾਸ ਨੇ ਇੱਕ ਧਾਰਮਿਕ ਸ਼ਬਦ ਗਾ ਕੇ ਕੀਤਾ। ਉਪਰੰਤ ਸਭਾ ਦੇ ਮੀਤ ਪ੍ਰਧਾਨ ਮੁਖਤਿਆਰ ਸਿੰਘ ਬੋਪਾਰਾਏ ਨੇ ਮਨੁੱਖ ਦੇ ਪ੍ਰਵਾਸ ਬਾਰੇ ਵਿਸਥਾਰ ਵਿੱਚ ਗੱਲ ਕਰਦਿਆਂ ਕਿਹਾ ਕਿ ਇਹ ਪਰਵਾਸ ਸਦੀਆਂ ਤੋਂ ਸੰਸਾਰ ਪੱਧਰ 'ਤੇ ਹੁੰਦਾ ਆਇਆ ਹੈ। ਸਵਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਹੁਣ ਕੁਝ ਸਮੇਂ ਤੋਂ ਬੀਸੀ ਵਿੱਚ ਫਿਰ ਨਸਲੀ ਵਿਤਕਰੇ ਦੀਆਂ ਕੁਝ ਘਟਨਾਵਾਂ ਹੋ ਰਹੀਆਂ ਹਨ ਜੋ ਕਿ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ। ਇਸ ਉਪਰ ਸਰਕਾਰ ਨੂੰ ਠੋਸ ਕਦਮ ਚੁੱਕਣੇ ਚਾਹੀਦੇ ਹਨ।

ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਰਿਕਾਰਡਿੰਗ ਸੈਕਟਰੀ ਜੋਗਿੰਦਰ ਸਿੰਘ ਸੁੰਨੜ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਮਾਗਮ ਅਤੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਦੇ ਸਬੰਧ ਵਿੱਚ ਗੁਰਦੁਆਰਾ ਸਾਹਿਬ ਵਿੱਚ ਹੋ ਰਹੇ ਪ੍ਰੋਗਰਾਮਾਂ ਦਾ ਵੇਰਵਾ ਸਾਂਝਾ ਕੀਤਾ। ਡਾ. ਜਗਜੀਤ ਸਿੰਘ ਨੇ ਆਪਣੇ ਵਿਦਵਤਾ ਭਰਪੂਰ ਵਿਚਾਰ ਰੱਖੇ। ਗੁਰਮੀਤ ਸਿੰਘ ਕਾਲਕਟ, ਕੁਲਦੀਪ ਸਿੰਘ ਧਾਲੀਵਾਲ, ਗੁਰਦਰਸ਼ਨ ਮਠਾੜੂ, ਜਰਨੈਲ ਸਹੋਤਾ, ਬੀਰਮੀ, ਬਾਜਵਾ, ਕੁਲਦੀਪ ਸਿੰਘ ਜਗਪਾਲ, ਅਜੰਟ ਸੰਧੂ, ਜਗਦੀਸ਼ ਕੁਲਾਰ, ਸ਼ਗਨ ਗਾਂਧੀ ਆਦਿ ਸਾਥੀਆਂ ਨੇ ਆਪਣੀਆਂ ਕਵਿਤਾਵਾਂ, ਗੀਤਾਂ ਅਤੇ ਹਾਸਰਸ ਰਾਹੀਂ ਖੂਬ ਰੰਗ ਬੰਨਿਆਂ।

ਅੰਤ ਵਿੱਚ ਸੋਸਾਇਟੀ ਦੇ ਪ੍ਰਧਾਨ ਗੁਰਬਖਸ਼ ਸਿੰਘ ਸਿੱਧੂ ਨੇ ਸੁਨੀਤਾ ਧੀਰ ਦਾ ਧੰਨਵਾਦ ਕੀਤਾ ਤੇ ਸਾਰਿਆਂ ਨੂੰ ਦੀਵਾਲੀ ਦੀ ਮੁਬਾਰਕਬਾਦ ਦਿੱਤੀ। ਉਹਨਾਂ ਇਸ ਮੌਕੇ ਬੋਲਦਿਆਂ ਕਿਹਾ ਕਿ 16 ਅਕਤੂਬਰ ਨੂੰ ਸੰਸਾਰ ਫੂਡ ਦਿਵਸ ਮਨਾਇਆ ਜਾਂਦਾ ਹੈ ਤੇ ਇਸ ਸਮੇਂ ਸੰਸਾਰ ਵਿੱਚ 92 ਕਰੋੜ ਤੋਂ ਵੱਧ ਲੋਕ ਭੁੱਖਮਰੀ ਦਾ ਸ਼ਿਕਾਰ ਹਨ। ਮਨੁੱਖ ਨੂੰ ਸਿਹਤਮੰਦ ਰਹਿਣ ਲਈ ਸੰਤੁਲਤ ਭੋਜਨ ਦੀ ਲੋੜ ਹੁੰਦੀ ਹੈ ਪਰ ਸੰਸਾਰ ਵਿੱਚ ਕਰੋੜਾਂ ਬੱਚੇ ਭੁੱਖਮਰੀ ਕਾਰਨ ਮਾੜੀ ਖੁਰਾਕ 'ਤੇ ਪਲ ਰਹੇ ਹਨ। ਸਭ ਦੇਸ਼ਾਂ ਨੂੰ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਰ ਮਨੁੱਖ ਨੂੰ ਜ਼ਿੰਦਗੀ ਜਿਉਣ ਲਈ ਪੂਰੀ ਮਾਤਰਾ ਵਿੱਚ ਸੰਤੁਲਤ ਭੋਜਨ ਮਿਲੇ।

## ਬਾਬਾ ਵਿਸ਼ਵਕਰਮਾ ਦਿਵਸ ਬੜੀ ਸ਼ਰਧਾ ਭਾਵਨਾ ਸਹਿਤ ਮਨਾਇਆ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ,24 ਅਕਤੂਬਰ : ਅਮਰਜੀਤ ਸਿੰਘ ਭੁਰਜੀ ਅਤੇ ਅਰਵਿੰਦਰ ਸਿੰਘ ਲਾਡੀ ਦੀ ਅਗਵਾਈ ਹੇਠ ਗਿਆਸਪੁਰਾ ਵਿਖੇ ਹਰ ਸਾਲ ਵਾਂਗ ਵਿਸ਼ਵਕਰਮਾ ਦਿਵਸ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਕਾਰੀਗਰਾਂ ਵੱਲੋਂ ਫੈਕਟਰੀ 'ਚ ਮਸ਼ੀਨਾਂ ਅਤੇ ਔਜ਼ਾਰਾਂ ਦੀ ਪੂਜਾ ਕੀਤੀ ਗਈ। ਇਸ ਮੌਕੇ ਬੁਲਾਰਿਆ ਨੇ ਕਿਹਾ ਕਿ ਸਾਰੀ ਦੁਨੀਆ ਬਾਬਾ ਜੀ ਨੂੰ ਆਪਣਾ ਇਸ਼ਟ ਮੰਨਦੀ ਹੈ। ਇਸ ਦਿਨ ਸਾਰੇ ਔਜ਼ਾਰਾਂ ਨੂੰ ਦੁੱਧ ਨਾਲ ਇਸ਼ਨਾਨ ਕਰਵਾ ਕੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਜਗਤ ਗੁਰੂ ਤੋਂ ਅਸੀਸਾਂ ਮੰਗੀਆਂ ਜਾਂਦੀਆ ਕਿ ਨਵੇਂ ਯੁੱਗ ਦੇ ਹਿਸਾਬ ਨਾਲ ਚੱਲਣ ਦੀ ਸ਼ਕਤੀ ਮਿਲੇ ਤਾਂ ਕਿ ਕਾਮਯਾਬੀ ਦੀਆਂ ਮੰਜ਼ਿਲਾਂ ਛੂਹੀਆਂ ਜਾ ਸਕਣ। ਇਸ ਮੌਕੇ ਜਿਥੇ ਆਈਆਂ ਹੋਈਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ, ਉੱਥੇ ਨਾਲ ਕਾਰੋਬਾਰ ਦੀ ਤਰੱਕੀ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਵੀ ਕੀਤੀ ਗਈ। ਸਮੂਹ ਕਿਰਤੀਆਂ ਨੂੰ ਬਾਬਾ ਵਿਸ਼ਵਕਰਮਾ ਦਿਵਸ ਦੀ ਮੁਬਾਰਕਬਾਦ ਦਿੰਦੇ ਹੋਏ ਅਰਮਜੀਤ ਸਿੰਘ ਭੁਰਜੀ ਅਤੇ ਅਰਵਿੰਦਰ ਸਿੰਘ ਲਾਡੀ ਨੇ ਇਸ ਦਿਨ ਦੀ ਮਹੱਤਤਾ 'ਤੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਭਗਵਾਨ ਵਿਸਵਕਰਮਾ ਦੇ ਦਿਖਾਏ ਰਾਹ 'ਤੇ ਚੱਲਦੇ ਹੋਏ ਵਿਸ਼ਵਕਰਮਾ ਭਾਈਚਾਰੇ ਨੇ ਸੱਚੀ-ਸੁੱਚੀ ਕਿਰਤ ਕਰਦਿਆਂ ਭਾਰਤ ਤੇ ਪੰਜਾਬ ਸਮੇਤ ਵਿਸ਼ਵ ਦੇ ਵੱਖ-ਵੱਖ ਖੇਤਰਾਂ ਦੀ ਤਰੱਕੀ ਵਿੱਚ ਅਹਿਮ ਯੋਗਦਾਨ ਪਾਇਆ ਹੈ। ਇਸ ਮੌਕੇ ਹਰਦੀਪ ਸਿੰਘ, ਸਵਰਨ ਸਿੰਘ, ਬਲਦੇਵ ਸਿੰਘ, ਮਨਵਰ ਸਿੰਘ, ਸਤਵਿੰਦਰ ਸਿੰਘ, ਬਲਵੰਤ ਸਿੰਘ ਸੈਣੀ, ਤਜਿੰਦਰ ਸਿੰਘ, ਇਸ਼ਰ ਸਿੰਘ, ਪਿਆਰਾ ਸਿੰਘ ਹਿਸਾਰ, ਮਨਿੰਦਰ ਕੌਰ, ਸੁਖਵੀਤ ਕੌਰ, ਨਵਜੋਤ ਭੁਰਜੀ, ਨਿਰਮਲ ਭੁਰਜੀ, ਮਨਜੀਤ ਕੌਰ ਰੋਪੜ, ਤਨਵੀਰ ਸੈਣੀ, ਆਤਮਾ ਕੌਰ, ਰਾਜਦੀਪ ਕੌਰ, ਰੁਪਿੰਦਰ ਕੌਰ ਅਤੇ ਸਵਰਨ ਪਾਲ ਸਿੰਘ ਹਾਜਰ ਸਨ।

## ਸ਼ਬਦ ਮੇਰਾ ਹੈ ਧਰਮ ਦੋਸਤੋ




ਸ਼ਬਦ ਮੇਰਾ ਹੈ ਧਰਮ ਦੋਸਤੋ, ਸ਼ਬਦ ਮੇਰਾ ਈਮਾਨ ਦੋਸਤੋ।
ਸ਼ਬਦੋਂ ਸੱਖਣੇ ਨਿਰਸ਼ਬਦੇ ਨੂੰ, ਕੌਣ ਕਹੇ ਇਨਸਾਨ ਦੋਸਤੋ।

ਤੇਰਾ ਪੰਥ ਗ੍ਰੰਥ ਗੁਰੂ ਹੈ, ਮੇਰੇ ਇਸ਼ਟ ਸਿਖਾਇਆ ਮੈਨੂੰ।
ਇਕ ਓਂਕਾਰ ਬਿਨਾ ਸਭ ਮਿਥਿਆ, ਇਕੋ ਸਬਕ ਪੜ੍ਹਾਇਆ ਮੈਨੂੰ।
ਨਿਰਭਉ ਤੇ ਨਿਰਵੈਰ ਗੁਰੂ ਦੀ, ਉਂਗਲੀ ਦੇ ਲੜ ਲਾਇਆ ਮੈਨੂੰ।
ਹੱਕ ਸੱਚ ਇਨਸਾਫ਼ ਦੀ ਖ਼ਾਤਰ, ਹੋ ਜਾਵਾਂ ਕੁਰਬਾਨ ਦੋਸਤੋ।
ਸ਼ਬਦ ਮੇਰਾ ਹੈ ਧਰਮ ਦੋਸਤੋ...।

ਬਿਨਸੇ ਨਾਹੀਂ ਸਦਾ ਅਜੂਨੀ, ਕਾਲਮੁਕਤ ਹੈ ਮੁਰਸ਼ਦ ਮੇਰਾ।
ਅਨਹਦ ਨਾਦ ਵਜਾਵਣਹਾਰੇ, ਲਾਇਆ ਕਣ ਕਣ ਦੇ ਵਿਚ ਡੇਰਾ।
ਮਹਿਕ ਮਹਿਕ ਲਟਬੌਰੀ ਛਾਂ ਹੈ, ਜੀਕੂੰ ਚੰਦਨ ਰੁੱਖ ਦਾ ਘੇਰਾ।
ਡਰਦਾ ਕਦੇ ਡਰਾਉਂਦਾ ਨਾਹੀਂ, ਦੇਵੇ ਅਕਲਾਂ ਦਾਨ ਦੋਸਤੋ।
ਸ਼ਬਦ ਮੇਰਾ ਹੈ ਧਰਮ ਦੋਸਤੋ...।




ਦਸਮ ਗੁਰੂ ਦੀ ਸਿੱਖਿਆ ਮੈਨੂੰ, ਤੇਰੇ ਲਈ ਪਰਮੇਸ਼ਰ ਪੋਥੀ।
ਇਸ ਦੇ ਬ੍ਰਹਮ ਵਿਚਾਰ ਸਾਹਮਣੇ, ਸਮਝੀਂ ਤੂੰ ਹਰ ਗੱਲ ਨੂੰ ਥੋਥੀ।
ਪੜ੍ਹ ਕੇ ਆਪ ਪੜ੍ਹਾਵੀਂ ਦੂਜੇ, ਹਰ ਮੁਸ਼ਕਿਲ ਦਾ ਹੱਲ ਹੈ ਪੋਥੀ।
ਆਪਣਾ ਮੂਲ ਪਛਾਨਣ ਵਾਲਾ ਦੇਵੇ ਅਸਲ ਗਿਆਨ ਦੋਸਤੋ।
ਸ਼ਬਦ ਮੇਰਾ ਹੈ ਧਰਮ ਦੋਸਤੋ...।

ਬਾਬਰ ਨੂੰ ਜਾਬਰ ਇਹ ਕਹਿੰਦਾ, ਰਾਜੇ ਸ਼ੀਂਹ ਮੁਕੱਦਮ ਕੁੱਤੇ।
ਸ਼ਰਮ ਸ਼ਰ੍ਹਾ ਨਾ ਪਰਦਾ ਕੋਈ, ਜਾਏ ਜਗਾਇਨ ਬੈਠੇ ਸੁੱਤੇ।
ਛਲ ਤੇ ਕਪਟ ਵਿਕਾਰ ਮੁਕਤ ਹੈ, ਦੱਸੋ ਕਿਹੜਾ ਇਸ ਤੋਂ ਉੱਤੇ।
ਉਨ੍ਹਾਂ ਨਾਲ ਤੁਰਾਂ ਨਾ ਜਿਹੜੇ ਜ਼ੋਰੀ ਮੰਗਣ ਦਾਨ ਦੋਸਤੋ।
ਸ਼ਬਦ ਮੇਰਾ ਹੈ ਧਰਮ ਦੋਸਤੋ...।

ਪੰਜ ਸਦੀਆਂ ਪਹਿਲਾਂ ਇਸ ਦੱਸਿਆ, ਪਵਨ ਗੁਰੂ ਧਰਤੀ ਹੈ ਮਾਤਾ।
ਪਾਣੀ ਬਾਬਲ ਵਾਂਗ ਪਵਿੱਤਰ, ਸਰਬ ਧਰਮ ਨੂੰ ਇਕ ਕਰ ਜਾਤਾ।
ਮਾਈ ਬਾਪ ਬਣਾਇਆ ਰੱਬ ਨੂੰ, ਮਿੱਤਰ ਬੇਲੀ ਕਦੇ ਭਰਾਤਾ।
ਇਹ ਸਭ ਸਬਕ ਭੁਲਾ ਕੇ ਆਪਾਂ ਬਣੀਏ ਨਾ ਹੈਵਾਨ ਦੋਸਤੋ।
ਸ਼ਬਦ ਮੇਰਾ ਹੈ ਧਰਮ ਦੋਸਤੋ।

ਪੰਜ ਵਿਕਾਰ ਨਿਸ਼ਾਨੀ ਲਾ ਕੇ, ਗੁਰਬਾਣੀ ਨੇ ਇਹ ਸਮਝਾਇਆ।
ਮੋਹ-ਮਮਤਾ ਹੰਕਾਰ ਤੋਂ ਪਿੱਛੋਂ, ਕਾਮ ਕ੍ਰੋਧ ਲੋਭ ਦੀ ਮਾਇਆ।
ਇਨ੍ਹਾਂ ਪੰਜਾਂ ਦੇ ਵੱਸ ਪੈ ਕੇ, ਬੰਦਿਆਂ ਮਾਨਸ ਜਨਮ ਗੰਵਾਇਆ।
ਪੰਜ ਚੋਰਾਂ ਤੋਂ ਮੁਕਤੀ ਖ਼ਾਤਰ, ਬਣ ਜਾਈਏ ਦਰਬਾਨ ਦੋਸਤੋ।
ਸ਼ਬਦ ਮੇਰਾ ਹੈ ਧਰਮ ਦੋਸਤੋ...।

ਇਸ ਧਰਤੀ ਦੇ ਮਾਲ ਖ਼ਜ਼ਾਨੇ, ਰਤਨ ਅਮੋਲ ਪਦਾਰਥ ਛੱਤੀ।
ਗੁਰ ਬਿਨ ਗਿਆਨ ਕਦੇ ਨਾ ਮਿਲਦਾ, ਜਗਦੀ ਨਹੀਂ ਤੇਲ ਬਿਨ ਬੱਤੀ।
ਸ਼ੁਭ ਅਮਲਾਂ ਬਾਝੋਂ ਸਭ ਮਿੱਟੀ, ਇਸ ਵਿਚ ਝੂਠ ਨਹੀਂ ਹੈ ਰੱਤੀ।
ਘੜ ਘੜ ਕੱਢੇ ਖੋਟ ਮਨਾਂ 'ਚੋਂ, ਜੇ ਪੜ੍ਹ ਲਏ ਇਨਸਾਨ ਦੋਸਤੋ।
ਸ਼ਬਦ ਮੇਰਾ ਹੈ ਧਰਮ ਦੋਸਤੋ...।

ਇਹ ਸ਼ੀਸ਼ਾ ਹੈ ਅਦਭੁਤ ਸ਼ੀਸ਼ਾ, ਘਟ ਘਟ ਦੇ ਅੰਦਰ ਦੀ ਜਾਣੇ।
ਕਰਕ ਕਲੇਜੇ ਵਾਲੀ ਬੁੱਝੇ, ਭਲੇ ਬੁਰੇ ਦੀ ਪੀੜ ਪਛਾਣੇ।
ਭਲਾ ਸਦਾ ਸਰਬੱਤ ਦਾ ਮੰਗੇ, ਸਭ ਨੂੰ ਆਪਣਾ ਹੀ ਕਰ ਜਾਣੇ।
ਮੈਨੂੰ ਪੂਜਣ ਤੋਂ ਇਹ ਵਰਜੇ ਮਿੱਟੀ ਦੇ ਭਗਵਾਨ ਦੋਸਤੋ।
ਸ਼ਬਦ ਮੇਰਾ ਹੈ ਧਰਮ ਦੋਸਤੋ...।

ਅੰਬਰ ਥਾਲੀ ਦੀਵੇ ਧਰਕੇ, ਸਦ ਜੀਵੀ ਅਰਦਾਸ ਸੁਣਾਵੇ।
ਦੀਵਿਆਂ ਦੀ ਥਾਂ ਚੰਦ ਤੇ ਸੂਰਜ, ਤਾਰਾ-ਮੰਡਲ ਨਾਲ ਸੁਹਾਵੇ।
ਵਗਦੀ ਪੌਣ ਝੁਲਾਵੇ ਚੌਰੀ, ਸਗਲ ਬਨਸਪਤ ਸਾਜ਼ ਵਜਾਵੇ।
ਨਾਦ ਸ਼ਬਦ ਸੁਰ ਮਿਲ ਕੇ ਲਾਉਂਦੇ, ਸੁਣ ਲਉ ਅਨਹਦ ਤਾਨ ਦੋਸਤੋ।

ਸ਼ਬਦ ਮੇਰਾ ਹੈ ਧਰਮ ਦੋਸਤੋ, ਸ਼ਬਦ ਮੇਰਾ ਈਮਾਨ ਦੋਸਤੋ।
ਸ਼ਬਦੋਂ ਸੱਖਣੇ ਨਿਰਸ਼ਬਦੇ ਨੂੰ ਕੌਣ ਕਹੇ ਇਨਸਾਨ ਦੋਸਤੋ।

## ਸਵ.ਸ.ਤਾਰਾ ਸਿੰਘ ਗਿੱਲ ਦੀ ਨਿੱਘੀ ਯਾਦ 'ਚ ਮੁਫ਼ਤ ਅੱਖਾਂ ਦਾ ਚੈੱਕਅਪ ਅਤੇ ਲੈਂਜ ਪਾਉਣ ਦਾ ਕੈਂਪ 26 ਅਕਤੂਬਰ ਨੂੰ ਲੱਗੇਗਾ

### ਮੁਫ਼ਤ ਚੈਕਅੱਪ, ਮੁਫ਼ਤ ਲੋੜੀਂਦੇ ਟੈਸਟ, ਮੁਫ਼ਤ ਦਵਾਈਆਂ ਤੇ ਮੁਫ਼ਤ ਲੈਂਜ ਪਾਏ ਜਾਣਗੇ: ਮੋਹਿਤ ਗੁਪਤਾ

### ਮਰੀਜ਼ਾਂ ਅਤੇ ਵਾਰਿਸਾਂ ਲਈ ਮੁਫ਼ਤ ਰਿਹਾਇਸ਼, ਚਾਹ-ਪਾਣੀ, ਭੋਜਨ ਦਾ ਹੋਵੇਗਾ ਪ੍ਰਬੰਧ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ






ਫ਼ਰੀਦਕੋਟ, 24 ਅਕਤੂਬਰ : ਲਾਇਨਜ਼ ਕਲੱਬ ਫ਼ਰੀਦਕੋਟ ਵਲੋਂ ਲਾਇਨ ਭਵਨ ਆਦਰਸ਼ ਨਗਰ ਫ਼ਰੀਦਕੋਟ ਵਿਖੇ 54ਵਾਂ ਮੁਫ਼ਤ ਅੱਖਾਂ ਦਾ ਕੈਂਪ ਲਗਾਉਣ ਲਈ ਇਕ ਵਿਸ਼ੇਸ਼ ਮੀਟਿੰਗ ਲਾਇਨਜ਼ ਇੰਟਰਨੈਸ਼ਨਲ ਦੇ ਮਲਟੀਪਰਪਜ਼ ਪੀ.ਆਰ.ਓ ਲਾਇਨ ਲੁਕੇਂਦਰ ਸ਼ਰਮਾ ਅਤੇ ਕਲੱਬ ਪ੍ਰਧਾਨ ਮੋਹਿਤ ਗੁਪਤਾ ਦੀ ਅਗਵਾਈ 'ਚ ਕੀਤੀ ਗਈ। ਇਸ ਮੌਕੇ ਕਲੱਬ ਪ੍ਰਧਾਨ ਮੋਹਿਤ ਗੁਪਤਾ ਨੇ ਦੱਸਿਆ ਕਿ ਅੱਖਾਂ ਦਾ ਚੈੱਕਅਪ ਕੈਂਪ ਅਤੇ ਲੈਂਜ਼ ਪਾਉਣ ਦਾ ਕੈਂਪ 26 ਅਕਤੂਬਰ 2025 ਦਿਨ ਐਤਵਾਰ ਨੂੰ ਸਵੇਰੇ 8:30 ਤੋਂ ਦੁਪਹਿਰ 2:00 ਵਜੇ ਤੱਕ ਸਵਰਗਵਾਸੀ ਸ. ਤਾਰਾ ਸਿੰਘ ਗਿੱਲ ਢੁੱਡੀ ਦੀ ਨਿੱਘੀ ਯਾਦ 'ਚ ਲਾਇਨਜ਼ ਭਵਨ, ਆਦਰਸ਼ ਨਗਰ, ਪੁਰਾਣੀ ਕੈਂਟ ਰੋਡ ਫਰੀਦਕੋਟ ਵਿਖੇ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕੈਂਪ ਲਈ ਹਰ ਸਾਲ ਦੀ ਤਰ੍ਹਾਂ ਫ਼ਰੀਦਕੋਟ ਜ਼ਿਲੇ ਦੇ ਪਿੰਡ ਢੁੱਡੀ ਦੇ ਗਿੱਲ ਪ੍ਰੀਵਾਰ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸ ਕੈਂਪ 'ਚ ਅੱਖਾਂ ਦੇ ਮਹਾਰ ਡਾਕਟਰ ਅਕ੍ਰਿਤੀ ਸਿੰਗਲਾ ਐਮ.ਐਸ.ਆਈ ਸਰਜਨ ਤੇ ਉਨ੍ਹਾਂ ਦੀ ਟੀਮ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕਰਨਗੇ ਅਤੇ ਲੋੜਵੰਦ ਮਰੀਜ਼ਾਂ ਦੇ ਅਪਰੇਸ਼ਨ ਫੇਕੋ ਮਸ਼ੀਨ ਨਾਲ ਕਰਕੇ ਲਾਇਨਜ਼ ਆਈ.ਕੇਅਰ ਸੈਂਟਰ ਜੈਤੋ ( ਫਰੀਦਕੋਟ) ਵਿਖੇ ਮੁਫਤ ਲੈਂਜ ਪਾਏ ਜਾਣਗੇ। ਉਨ੍ਹਾਂ ਦੱਸਿਆ ਕੈਂਪ ਦੌਰਾਨ ਮੁਫ਼ਤ ਚੈੱਕਅੱਪ ਕੀਤਾ ਜਾਵੇਗਾ। ਮੁਫ਼ਤ ਲੋੜੀਂਦੇ ਟੈਸਟ ਕੀਤੇ ਜਾਣਗੇ, ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ ਅਤੇ ਮੁਫ਼ਤ ਲੈਂਜ ਪਾਏ ਜਾਣਗੇ। ਕੈਂਪ ਦੇ ਚੈੱਕਅੱਪ ਸਮੇਂ ਪਹੁੰਚੇ ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਿਸਾਂ ਲਈ ਚਾਹ-ਪਾਣੀ ਅਤੇ ਭੋਜਨ ਦਾ ਪ੍ਰਬੰਧ ਕਲੱਬ ਕਰੇਗਾ। ਆਪ੍ਰੇਸ਼ਨਾਂ ਦੌਰਾਨ ਵੀ ਮਰੀਜ਼ਾਂ ਦੀ ਰਿਹਾਇਸ਼ ਅਤੇ ਭੋਜਨ ਦੀ ਵਿਵਸਥਾ ਕਲੱਬ ਵੱਲੋਂ ਮੁਫ਼ਤ ਕੀਤੀ ਜਾਵੇਗੀ। ਫ਼ਰੀਦਕੋਟ ਤੋਂ ਜੈਤੋ ਮਰੀਜ਼ਾਂ ਨੂੰ ਲਿਜਾਣ ਅਤੇ ਲਿਆਉਣ ਦਾ ਪ੍ਰਬੰਧ ਵੀ ਕਲੱਬ ਕਰੇਗਾ। ਕੈਂਪ ਦੇ ਪ੍ਰੋਜੈਕਟ ਚੇਅਰਮੈਨ ਗੁਰਚਰਨ ਸਿੰਘ ਗਿੱਲ, ਅਮਰੀਕ ਸਿੰਘ ਖਾਲਸਾ ਕੋ-ਚੇਅਰਮੈਨ, ਬਿਕਰਮਜੀਤ ਸਿੰਘ ਢਿੱਲੋਂ ਜਨਰਲ ਸਕੱਤਰ, ਚੰਦਨ ਕੱਕੜ ਕੈਸ਼ੀਅਰ, ਅਨੁਜ ਗੁਪਤਾ ਪੀ.ਆਰ.ਓ ਨੇ ਸਾਂਝੇ ਰੂਪ 'ਚ ਦੱਸਿਆ ਕਿ ਕੈਂਪ ਦੀ ਸਫ਼ਲਤਾ ਲਈ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਲਗਾਏ 53 ਕੈਂਪਾਂ ਦੌਰਾਨ 5500 ਤੋਂ ਵੱਧ ਮਰੀਜ਼ਾਂ ਦੇ ਆਪ੍ਰੇਸ਼ਨ ਕੀਤੇ ਜਾ ਚੁੱਕੇ ਹਨ ਅਤੇ ਪ੍ਰਮਾਤਮਾ ਦੀ ਕ੍ਰਿਪਾ ਨਾਲ ਸਾਰੇ ਹੀ ਸਫ਼ਲ ਰਹੇ ਹਨ। ਉਨ੍ਹਾਂ ਫ਼ਰੀਦਕੋਟ ਅਤੇ ਇਸ ਦੇ ਆਸਪਾਸ ਦੇ ਮਰੀਜ਼ਾਂ ਨੂੰ ਅਪੀਲ ਕੀਤੀ ਕਿ ਉਹ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਲੈਣੇ। ਇਹ ਕੈਂਪ ਨੂੰ ਕਲੱਬ ਦੀ ਟੀਮ ਵੱਲੋਂ ਮਾਨਵਤਾ ਦੀ ਸੇਵਾ ਦਾ ਮਿਸ਼ਨ ਮੰਨ ਕੇ ਲਗਾਇਆ ਜਾਵੇਗਾ। ਇਸ ਮੀਟਿੰਗ 'ਚ ਗੁਰਮੀਤ ਸਿੰਘ ਕੈਂਥ, ਐਮ.ਜੇ.ਐਫ਼.ਲਾਇਨ ਪ੍ਰਦੁਮਣ ਸਿੰਘ ਦਸਮੇਸ਼ ਕਲਾਥ ਹਾਊਸ, ਕੇ.ਪੀ.ਸਿੰਘ ਸਰਾਂ, ਹਰਜੀਤ ਸਿੰਘ ਲੈਕਚਰਾਰ, ਗਿਰੀਸ਼ ਸੁਖੀਜਾ, ਲੁਕੇਂਦਰ ਸ਼ਰਮਾ, ਇੰਜ. ਬਲਤੇਜ ਸਿੰਘ ਤੇਜੀ ਜੌੜਾ, ਦਵਿੰਦਰ ਧੀਂਗੜਾ, ਮਦਨ ਮੁਖੀਜਾ, ਮਾਸਟਰ ਸੰਜੀਵ ਕੁਮਾਰ, ਜਸਬੀਰ ਸਿੰਘ ਜੱਸੀ ਮੰਚ ਸੰਚਾਲਕ, ਵਿਮਲ ਚੌਧਰੀ, ਨਵਦੀਪ ਸਿੰਘ ਰਿੰਕੀ, ਰਾਜਨ ਨਾਗਪਾਲ, ਬਲਜਿੰਦਰ ਸਿੰਘ ਬਰਾੜ, ਨਵੀਨ ਧੀਂਗੜਾ ਅਤੇ ਗੁਰਬਖਸ਼ ਸਿੰਘ ਹਾਜ਼ਰ ਸਨ।

## ਗ਼ਜ਼ਲ

ਉਲਟੇ ਕਿਹੇ ਜ਼ਮਾਨੇ ਆਏ
ਬਣ ਗਏ ਦੁਸ਼ਮਣ ਅੰਮਾਂ ਜਾਏ

ਗੈਰਾਂ ਨੂੰ ਤਾਂ ਗਲ਼ ਲਾਉਂਦੇ ਨੇ
ਆਪਣੇ ਦੇਖੋ ਦੂਰ ਭਜਾਏ

ਦਾਦੇ -ਦਾਦੀ ਦੀ ਗੱਲ ਛੱਡੋ
ਹੁਣ ਤਾਂ ਮਾਂ-ਪਿਓ ਹੋਏ ਪਰਾਏ

ਗੋਦੀ ਚੁੱਕ ਖਿਡਾਇਆ ਜਿਹਨਾਂ
ਉਹ ਹੀ ਕਹਿੰਦਾ, ਕੀ ਚਾਚੇ ਤਾਏ

ਆਪਣਿਆਂ ਦੀਆਂ ਮਾਰਾਂ ਸਹਿ ਕੇ
ਹੋ ਗਏ ਹਾਂ ਅਸੀਂ ਦੂਣ ਸਵਾਏ

ਵੰਡਦੇ ਰਹਿਣਾ ਨਿੱਤ ਮੁਹੱਬਤ
ਬੇਸ਼ੱਕ ਮੈਨੂੰ ਕੋਈ ਮਾਰ ਮੁਕਾਏ

ਅਜੇ ਹੋਰ ਕੀ ਪਊ ਦੇਖਣਾ
ਬੱਬੀ ਕਰਦਾ ਹਾਏ -ਹਾਏ!




## ਵਾਤਾਵਰਨ



ਦੁਨੀਆਂ ਵਾਲਿਓ ਜੇ ਤੁਸੀਂ ਵਾਤਾਵਰਨ ਬਚਾਉਣਾ
ਤਾਂ ਹਰ ਇੱਕ ਆਦਮ ਨੂੰ ਪੈਣਾ ਰੁੱਖ ਲਗਾਉਣਾ।

ਸਕੂਲਾਂ ਵਿੱਚ ਕੇਵਲ ਵਿਸ਼ੇ ਤੱਕ ਗੱਲ ਨਾ ਸੀਮਿਤ ਰਹੇ
ਰੁੱਖਾਂ ਦਾ ਬਹੁਤ ਮਹੱਤਵ ਹਰ ਇੱਕ ਪ੍ਰਾਣੀ ਕਹੇ।।

ਸਿੱਖਿਆ ਅਦਾਰਿਆਂ ਚ ਰੁੱਖਾਂ ਦਾ ਅਧਿਐਨ ਕਰਾਓ
ਹਰ ਘਰ ਦੇ ਬਾਹਰ ਦੋ ਰੁੱਖਾਂ ਦਾ ਕਾਨੂੰਨ ਬਣਾਓ।

ਰੁੱਖਾਂ ਦੀ ਸ਼ਲਾਘਾ ਵਿੱਚ ਨੰਨੇ ਪੰਛੀ ਕਰਨ ਅਰਜ਼ੋਈ
ਜੇ ਰੁੱਖ ਨਾ ਰਹੇ ਮਿਲਣੀ ਨਾ ਕੁਦਰਤ ਵਿੱਚ ਢੋਈ।।

ਧਰਤ ਤੇ ਜੀਵਨ ਲਈ ਰੁੱਖਾਂ ਦੀ ਹੋਂਦ ਜਰੂਰੀ
ਜਾਣਦੇ ਸਭ ਕੁਝ ਫੇਰ ਵੀ ਬਣਾਈ ਰੁੱਖਾਂ ਤੋਂ ਦੂਰੀ।




ਪਦਾਰਥਵਾਦ ਦੀ ਅੰਨ੍ਹੀ ਦੌੜ ,ਨਾ ਵਾਤਾਵਰਨ ਗਾਲ
ਨਵੇਂ ਰੁੱਖ ਬੇਸ਼ੱਕ ਲਗਾਓ ਪਰ ਪੁਰਾਣੇ ਲਓ ਸੰਭਾਲ।।

## ਮਨੋਕਲਪਿਤ ਓਪਰੀ ਸ਼ੈਅ ਕਚੀਲ ਦਾ ਕੀਤਾ ਸਫ਼ਾਇਆ -ਤਰਕਸ਼ੀਲ

### ਵਿਗਿਆਨਕ ਸੋਚ ਵਕ਼ਤ ਦੀ ਮੁੱਖ ਲੋੜ -ਮਾਸਟਰ ਪਰਮਵੇਦ




ਅਖੌਤੀ ਸਿਆਣਿਆ, ਬਾਬਿਆਂ ਦੁਆਰਾ ਹਰ ਤਰ੍ਹਾਂ ਦੀ ਬਿਮਾਰੀ ਦਾ ਇਲਾਜ ,ਓਪਰੀ ਸ਼ੈਅ, ਕੀਤੇ ਕਰਵਾਏ ਦਾ ਅਸਰ ਖਤਮ, ਕਹਿ ਲਵੋ, ਹਰ ਸਮੱਸਿਆ,ਹਰ ਬਿਮਾਰੀ ਦਾ ਹਲ , ਗਰੰਟੀ ਸ਼ੁਦਾ ਇਲਾਜ ਕਰਨ ਦਾ ਦਾਅਵਾ ਕਰਨ ਅਤੇ ਇੱਕ ਵਾਰ ਮੌਕਾ ਦੇਣ ਦੀ ਗੱਲ ਕਹਿ ਕੇ ਭਰਮਾਇਆ ਜਾਂਦਾ ਹੈ। ਆਮ ਤੌਰ ਤੇ ਇਹ ਪੇਸ਼ਾਵਰ ਲੋਕ ਤਜ਼ਰਬੇ ਕਾਰਨ ਤੇ ਲੋਕਾਂ ਦੇ ਲਾਈਲੱਗ ਸੁਭਾਅ ਕਾਰਨ ਮਾਹਿਰ ਹੋ ਜਾਂਦੇ ਹਨ ਅਤੇ ਆਏ ਗਾਹਕ/ਪੀੜਿਤ ਪਰਿਵਾਰ ਤੋਂ ਉਸਦੀ ਪਰਿਵਾਰਿਕ, ਆਰਥਿਕ ਅਤੇ ਮਾਨਸਿਕ ਹਾਲਤ ਬਾਰੇ ਸੌਖਿਆਂ ਹੀ ਜਾਣਕਾਰੀ ਪ੍ਰਾਪਤ ਕਰ ਲੈਂਦੇ ਹਨ ਤੇ ਫਿਰ ਬਹੁਤ ਸਾਰੀਆਂ ਗੋਲ ਮੋਲ ਗੱਲਾਂ ਕਰਕੇ ਜਿੰਨਾਂ ਦੇ ਕਈ ਸਾਰੇ ਅਰਥ ਬਣਦੇ ਹੁੰਦੇ ਹਨ, ਦੱਸਦੇ ਹਨ। ਗਾਹਕ ਆਪਣੇ ਆਪ ਹੀ ਆਪਣੇ ਉੱਤੇ ਢੁੱਕਵਾਂ ਅਰਥ ਕੱਢ ਲੈਂਦੇ ਹਨ। ਆਮ ਕਰਕੇ ਇਹ ਸਾਰੇ ਪਖੰਡੀ ਦੁੱਖਾਂ ਤਕਲੀਫਾਂ ਲਈ ਕਿਸੇ ਓਪਰੀ ਕਸਰ,ਗੁਆਂਢੀ ਜਾਂ ਰਿਸ਼ਤੇਦਾਰ ਨੂੰ ਜ਼ਿੰਮੇਂਵਾਰ ਠਹਿਰਾਉਂਦੇ ਹਨ। ਜਿਨ੍ਹਾਂ ਨੂੰ ਦੁਖੀ ਹੋਇਆ ਮਨ ਬਹੁਤ ਜਲਦੀ ਸਵੀਕਾਰ ਕਰ ਲੈਂਦਾ ਹੈ।

ਸਮਾਜ ਦਾ ਵੱਡਾ ਹਿੱਸਾ ਆਪਣੀਆਂ ਸਮੱਸਿਆਵਾਂ ਦੇ ਅਸਲ ਕਾਰਨ ਲੱਭਣ ਤੋਂ ਅਸਮਰਥ ਹੋਣ ਕਾਰਨ ਇਹਨਾਂ ਪਖੰਡੀਆਂ ਵੱਲ ਤੁਰਿਆ ਰਹਿੰਦਾ ਹੈ। ਪੜਤਾਲ ਕਰਕੇ ਵਿਸ਼ਵਾਸ ਕਰਨ ਦੀ ਗੱਲ ਤਾਂ ਅਜੇ ਬਹੁਤ ਦੂਰ ਹੈ, ਇਸ ਤਰ੍ਹਾਂ ਦੇ ਕੇਸ ਅਕਸਰ ਤਰਕਸ਼ੀਲ ਸੁਸਾਇਟੀ ਕੋਲ ਆਉਂਦੇ ਰਹਿੰਦੇ ਹਨ। ਉਨ੍ਹਾਂ ਵਿੱਚੋਂ ਕੀਤੇ ਕਰਾਏ ਤੇ ਓਪਰੀ ਸ਼ੈਅ ਦੇ ਅਸਰ ਦਾ ਭਰਮ /ਡਰ ਪਾਲੀ ਬੈਠੇ ਪਰਿਵਾਰ ਦਾ ਇੱਕ ਕੇਸ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ।

ਕਈ ਸਾਲ ਪਹਿਲਾਂ ਤਰਕਸ਼ੀਲ ਸੁਸਾਇਟੀ ਸੰਗਰੂਰ ਕੋਲ ਇੱਕ ਔਰਤ ਆਈ ਤੇ ਕਹਿਣ ਲੱਗੀ, "ਸਾਡੀ ਨੂੰਹ ਦੇ ਬੱਚਾ ਹੋਣ ਵਾਲਾ ਹੈ।ਉਸ ਨੂੰ ਕਿਸੇ ਨੇ ਕੁਝ ਕਰਵਾ 'ਤਾ'। ਅਸੀਂ ਬਹੁਤ ਸਾਰੇ ਸਿਆਣਿਆਂ ਕੋਲ ਜਾ ਚੁੱਕੇ ਹਾਂ, ਪਰ ਕਿਤੋਂ ਵੀ ਫਰਕ ਨਹੀਂ ਪੈ ਰਿਹਾ। ਉਸ ਦੇ ਦੌਰੇ ਪੈਂਦੇ ਨੇ।ਹਰ ਸਮੇਂ ਡਰੀ, ਡਰੀ ਰਹਿੰਦੀ ਹੈ, ਦਿਨੋਂ ਦਿਨ ਨਿੱਘਰਦੀ ਜਾ ਰਹੀ ਹੈ।" ਅਖੌਤੀ ਸਿਆਣਿਆਂ ਜੋ ਕੁਝ ਦੱਸਿਆ, ਸੁਣ ਕੇ ਮਨ ਨੂੰ ਬਹੁਤ ਠੇਸ ਪਹੁੰਚੀ। ਉਸਨੇ ਕਿਹਾ "ਭਾਈ, ਇੱਕ ਕਹਿੰਦਾ ਤੁਹਾਡੀ ਬਹੂ ਨੂੰ ਓਪਰੀ ਸ਼ੈਅ ਰੂਪੀ ਕਚੀਲ ਚਿੰਬੜੀ ਹੋਈ ਐ।ਕੋਈ ਕਹਿੰਦਾ,ਕਿਸੇ ਨੇ ਕੁੱਝ ਖੁਆ ਤਾ,ਕੋਈ ਕੁੱਝ ਕੋਈ ਕੁੱਝ । ਕਿਸੇ ਨੇ ਗੰਦ ਦੀ ਧੂਣੀ ਦੇਣ ਲਈ ਕਿਹਾ, ਅਸੀਂ ਉਹ ਵੀ ਕੀਤਾ। ਕਿਸੇ ਨੇ ਗੰਦੀ ਜੁੱਤੀ ਸੰਘਾਉਣ ਨੂੰ ਕਿਹਾ, ਅਸੀਂ ਉਹ ਵੀ ਕੀਤਾ। ਕਿਸੇ ਨੇ ਕੜਾਹੀ ਕਰਾਈ, ਕਿਸੇ ਨੇ ਟੂਣਾ ਕਰਨ ਦਾ ਸਮਾਨ ਲਿਆ, ਅਸੀਂ ਸਭ ਕੁੱਝ ਕੀਤਾ,ਕਿਤੋਂ ਵੀ ਇਸ ਦਾ ਇਲਾਜ ਨਹੀਂ ਹੋਇਆ। ਸਾਡੇ ਪਿੰਡ ਵਾਲੇ ਜਸਵਿੰਦਰ ਮਾਸਟਰ ਨੇ ਤੁਹਾਡੀ ਦੱਸ ਪਾਈ ਹੈ। ਸੋ ਭਾਈ ਅਸੀਂ ਬਹੂ ਦੇ ਇਲਾਜ ਲਈ ਤੁਹਾਡੇ ਕੋਲ ਇਸ ਰੱਖ ਕੇ ਆਏ ਹਾਂ।

" ਸਾਰੀ ਗੱਲ ਸੁਣਨ ਤੋਂ ਬਾਅਦ ਅਗਲੇ ਦਿਨ ਉਹਨਾਂ ਦੇ ਘਰ ਆਉਣ ਬਾਰੇ ਕਹਿ ਕੇ ਉਨ੍ਹਾਂ ਨੂੰ ਤੋਰ ਦਿੱਤਾ। ਮੈਂ ਆਪਣੇ ਤਰਕਸ਼ੀਲ ਸਾਥੀਆਂ ਨਾਲ ਮੀਟਿੰਗ ਕਰਕੇ ਸਾਰੀ ਗੱਲ ਸਾਂਝੀ ਕੀਤੀ। ਪ੍ਰਗਟ ਸਿੰਘ, ਗੁਰਦੀਪ ਸਿੰਘ ਲਹਿਰਾ, ਕ੍ਰਿਸ਼ਨ ਸਿੰਘ ਤੇ ਮੈਂ ਅਗਲੇ ਦਿਨ ਪੀੜਿਤ ਪਰਿਵਾਰ ਦੇ ਘਰ ਜਾਣ ਦੀ ਸਲਾਹ ਕਰਕੇ ਸਵੇਰੇ ਹੀ ਸਬੰਧਤ ਘਰੇ ਜਾ ਪਹੁੰਚੇ। ਅਸੀਂ ਮਨੋਵਿਗਿਆਨਕ ਤੇ ਵਿਗਿਆਨਿਕ ਪੱਖ ਤੋਂ ਕੁੜੀ ਦੇ ਡਰ ਦਾ ਕਾਰਨ ਜਾਨਣ ਦੀ ਕੋਸ਼ਿਸ਼ ਕੀਤੀ। ਜਾਣਕਾਰੀ ਪ੍ਰਾਪਤ ਕਰਕੇ ਪਤਾ ਲੱਗਿਆ ਕਿ ਲੜਕੀ ਦੀ ਪਹਿਲੀ ਡਿਲੀਵਰੀ ਸੀ ਤੇ ਇਸ ਸਬੰਧੀ ਉਸਦੇ ਮਨ ਵਿੱਚ ਤਰ੍ਹਾਂ ਤਰ੍ਹਾਂ ਦੇ ਖਿਆਲ ਆਉਂਦੇ ਸਨ। ਡਿਲੀਵਰੀ ਦੇ ਡਰ ਕਾਰਨ ਉਹ ਚਿੰਤਾ ਵਿੱਚ ਡੂਬੀ ਰਹਿੰਦੀ ਸੀ ,ਬਾਕੀ ਦੇ ਡਰ ਤਾਂ ਅਖੌਤੀ ਸਿਆਣਿਆਂ ਨੇ ਉਸ ਦੇ ਮਨ ਵਿੱਚ ਭਰ ਦਿੱਤੇ ਸਨ। ਪਰਿਵਾਰ ਅੰਧ ਵਿਸ਼ਵਾਸੀ ਸੀ, ਜਿਵੇਂ ਜਿਵੇਂ ਅਖੌਤੀ ਸਿਆਣੇ ਡਰਾਉਂਦੇ ਰਹੇ ,ਉਹ ਡਰਦੇ ਰਹੇ ਤੇ ਗੈਰ ਵਿਗਿਆਨਿਕ ਢੰਗ ਨਾਲ ਇਲਾਜ ਅਤੇ ਲੁੱਟ ਕਰਵਾਉਂਦੇ ਰਹੇ। ਸਿਆਣਿਆਂ ਨੇ ਰੱਜ ਕੇ ਉਹਨਾਂ ਨੂੰ ਲੁੱਟਿਆ।ਅਸੀਂ ਡਰ ਤੇ ਦੌਰਿਆਂ ਦੇ ਕਾਰਨ ਜਾਣ ਚੁੱਕੇ ਸਾਂ। ਅਸੀਂ ਆਪਣੇ ਢੰਗ ਨਾਲ ਉਸ ਦੇ ਮਨ ਵਿੱਚੋਂ ਓਪਰੀ ਸ਼ੈਅ ਦਾ ਡਰ ਦੂਰ ਕੀਤਾ ਤੇ ਫਿਰ ਇਨ੍ਹਾਂ ਕਾਲਪਨਿਕ ਚੀਜ਼ਾਂ ਦੀ ਅਸਲੀਅਤ ਗੱਲਬਾਤ ਵਿਧੀ ਰਾਹੀਂ ਉਸ ਨੂੰ ਸਮਝਾਈ। ਸਾਡੀ ਗਲਬਾਤ ਦਾ ਉਸ ਤੇ ਅਸਰ ਹੋ ਰਿਹਾ ਸੀ, ਜਿਉਂ, ਜਿਉਂ ਅਸੀਂ ਭੂਤਾਂ ਪ੍ਰੇਤਾਂ,ਕਚੀਲਾਂ ਦੀ ਅਣਹੋਂਦ ਬਾਰੇ ਦਸ ਰਹੇ ਸੀ, ਤਿਉਂ ਤਿਉਂ ਉਹ ਡਰ ਮੁਕਤ ਹੋ ਰਹੀ ਸੀ।ਉਸਨੂੰ ਸਮਝਾਇਆ ਗਿਆ ਕਿ ਡਿਲੀਵਰੀ ਤੋਂ ਡਰਨ ਦੀ ਲੋੜ ਨਹੀਂ। ਖੁਸ਼ੀ ਹੋਣੀ ਚਾਹੀਦੀ ਹੈ, ਨਵਾਂ ਜੀ ਘਰੇ ਆ ਰਿਹਾ ਹੈ।ਉਸਨੂੰ ਪੁੱਛਿਆ ਗਿਆ ਕਿ ਘਰਦਿਆਂ ਵੱਲੋਂ ਨਵੇਂ ਆਉਣ ਵਾਲੇ ਬੱਚੇ ਪ੍ਰਤੀ,ਮੁੰਡੇ ਕੁੜੀ ਬਾਰੇ ਕੋਈ ਗੱਲ ਤਾਂ ਨਹੀਂ ਚੱਲ ਰਹੀ। ਤੇਰਾ ਸਹੁਰਾ ਪਰਿਵਾਰ ਸਿਰਫ ਮੁੰਡੇ ਦੀ ਇੱਛਾ ਤਾਂ ਨਹੀਂ ਕਰ ਰਿਹਾ?

ਉਸਨੇ ਕਿਹਾ "ਮੇਰਾ ਸਹੁਰਾ ਪਰਿਵਾਰ ਬਹੁਤ ਚੰਗਾ ਹੈ। ਮੇਰਾ ਬਹੁਤ ਜ਼ਿਆਦਾ ਖਿਆਲ ਰੱਖਦਾ ਹੈ। ਸਾਰਿਆਂ ਵੱਲੋਂ ਮੈਨੂੰ ਪੂਰਾ ਮਾਣ ਸਤਿਕਾਰ ਮਿਲਦਾ ਹੈ। ਮੇਰਾ ਘਰ ਵਾਲਾ ਨੇਕ ਵਿਅਕਤੀ ਹੈ, ਮੇਰਾ ਬਹੁਤ ਖਿਆਲ ਰੱਖਦਾ ਹੈ। ਮੈਨੂੰ ਡਿਲੀਵਰੀ ਦਾ ਡਰ ਲੱਗਿਆ ਰਹਿੰਦਾ ਹੈ। ਮੇਰੇ ਮਨ ਵਿੱਚੋਂ ਇਹ ਗੱਲ ਜਾਂਦੀ ਹੀ ਨਹੀਂ। ਪਿਛਲੇ ਸਾਲ ਸਾਡੀ ਗੁਆਂਢਣ ਦੀ ਡਿਲੀਵਰੀ ਨਾਲ ਮੌਤ ਹੋ ਗਈ ਸੀ। ਸਿਆਣੇ ਕਹਿੰਦੇ," ਤੈਨੂੰ ਕਚੀਲ ਚਿੰਬੜੀ ਹੋਈ ਹੈ "।ਸਾਰੀ ਗੱਲ ਸੁਣਨ ਤੋਂ ਬਾਅਦ ਅਸੀਂ ਉਸਨੂੰ ਸਮਝਾਇਆ ਕਿ ਤੇਰੇ ਸਹੁਰੇ ਪਰਿਵਾਰ ਨੂੰ ਤੇਰੀ ਡਿਲੀਵਰੀ ਹਸਪਤਾਲ ਵਿੱਚ ਕਰਵਾਉਣ ਬਾਰੇ ਕਹਾਂਗੇ। ਕਿਸੇ ਸਿਆਣੇ ਲੇਡੀ ਡਾਕਟਰ ਨਾਲ ਲਗਾਤਾਰ ਸੰਪਰਕ ਵਿੱਚ ਰਹਿਣ ਲਈ ਕਹਾਂਗੇ। ਅਸੀਂ ਕਿਹਾ,"ਉਨਾਂ ਔਰਤਾਂ ਨਾਲ ਹੀ ਅਜਿਹੀ ਮੰਦਭਾਗੀ ਘਟਨਾ ਵਾਪਰਦੀ ਹੈ ਜਿਹੜੇ ਪਰਿਵਾਰ ਡਾਕਟਰਾਂ ਦੇ ਸੰਪਰਕ ਵਿੱਚ ਨਹੀਂ ਰਹਿੰਦੇ।" ਅਸੀਂ ਫਿਰ ਉਸਨੂੰ ਹੌਂਸਲਾ ਦਿੱਤਾ ਤੇ ਓਪਰੀ ਸ਼ੈਅ ਜਿਸ ਨੂੰ ਉਹ ਕਚੀਲ ਸਮਝਦੀ ਸੀ ਦਾ ਡਰ ਖਤਮ ਕਰਨ ਦਾ ਯਤਨ ਕਰਦੇ ਹੋਏ ਕਿਹਾ; ਮਨਘੜਤ ਭੂਤਾਂ ਪ੍ਰੇਤਾਂ, ਚੁੜੇਲਾਂ, ਕਚੀਲਾਂ ਤੋਂ ਡਰਨ ਦੀ ਲੋੜ ਨਹੀਂ। ਕਿਉਂਕਿ ਜਿਸ ਘਰ ਅਸੀਂ ਆ ਜਾਂਦੇ ਹਾਂ ਤਾਂ ਇਹ ਉੱਥੇ ਜ਼ਿੰਦਗੀ ਭਰ ਨਹੀਂ ਆਉਂਦੀਆਂ। ਇਹ ਤਾਂ ਸਾਡੇ ਨਾਂ ਤੋਂ ਹੀ ਡਰਦੀਆਂ ਨੇ, ਸਾਡੇ ਕਹਿਣ ਦਾ ਮਤਲਬ ਹੈ ਕਿ ਪਰਿਵਾਰ ਇਨ੍ਹਾਂ ਕਾਲਪਨਿਕ ਚੀਜ਼ਾਂ ਤੋਂ ਜਾਣੂੰ ਹੋ ਜਾਂਦਾ ਹੈ।ਅਸਲ ਵਿੱਚ ਇਨ੍ਹਾਂ ਦੀ ਹੋਂਦ ਹੀ ਨਹੀਂ। ਉਸ ਦਾ ਮੁਰਝਾਇਆ ਚਿਹਰਾ ਖਿੜ ਉੱਠਿਆ ਤੇ ਮੁਸਕਰਾਹਟਾਂ ਵਿਖੇਰਨ ਲੱਗਿਆ। ਡਰ ਖੰਭ ਲਾ ਕੇ ਉੱਡ ਚੁੱਕਿਆ ਸੀ ।ਉਸਨੂੰ ਜ਼ਿੰਦਗੀ ਦੀ ਅਸਲੀਅਤ ਤੇ ਭੂਤਾਂ ਪ੍ਰੇਤਾਂ ਦੀ ਅਣਹੋਂਦ ਬਾਰੇ ,ਦੱਸਣਾ ,ਉਸ ਉੱਪਰ ਡੂੰਘਾ ਅਸਰ ਪਾ ਰਿਹਾ ਸੀ। ਅਸੀਂ ਉਸਨੂੰ ਪੁੱਛਿਆ ਹੁਣ ਤੂੰ ਕਿਵੇਂ ਮਹਿਸੂਸ ਕਰ ਰਹੀ ਹੈ ? ਉਸਨੇ ਕਿਹਾ ,"ਅੰਕਲ ਤੁਸੀਂ ਮੈਨੂੰ ਬਚਾ ਲਿਆ, ਇਨਾਂ ਨਾ -ਮੁਰਾਦ ਅਖੌਤੀ ਸਿਆਣਿਆਂ ਨੇ ਤਾਂ ਮੈਨੂੰ ਮਾਰ ਹੀ ਦੇਣਾ ਸੀ।"

ਫਿਰ ਅਸੀਂ ਪਰਿਵਾਰਿਕ ਮੈਂਬਰਾਂ ਨੂੰ ਇਕੱਠਾ ਕੀਤਾ ਤੇ ਕਿਹਾ, ਅਖੌਤੀ ਸਿਆਣੇ ਸਾਨੂੰ ਡਰਾ ਕੇ ਲੁੱਟਦੇ ਨੇ। ਜਦ ਉਹ ਆਪ ਬਿਮਾਰ ਹੁੰਦੇ ਹਨ ਤਾਂ ਉਹ ਡਾਕਟਰਾਂ ਤੋਂ ਇਲਾਜ ਕਰਵਾਉਂਦੇ ਹਨ। ਅੱਜ ਕੱਲ ਵਿਗਿਆਨ ਦਾ ਯੁੱਗ ਹੈ। ਵਿਗਿਆਨ ਨੇ ਸਾਨੂੰ ਜ਼ਿੰਦਗੀ ਲਈ ਬਹੁਤ ਸਾਰੀਆਂ ਸੁੱਖ ਸਹੂਲਤਾਂ ਦਿੱਤੀਆਂ ਹਨ। ਤੁਸੀਂ ਡਰੀ ਜਾਂਦੇ ਹੋ, ਇਹ ਡਰਾਈ ਜਾਂਦੇ ਹਨ। ਤੁਸੀਂ ਝੜੀ ਜਾਂਦੇ ਹੋ, ਤੇ ਇਹ ਤੁਹਾਨੂੰ ਝਾੜਨ ਦੇ ਹੋਰ ਢੰਗ ਤਰੀਕੇ ਲੱਭੀ ਜਾਂਦੇ ਹਨ। ਸੋ ਇਹ ਤੁਹਾਨੂੰ ਡਰਾ ਕੇ ਖੂਬ ਲੁੱਟਦੇ ਹਨ। ਅਸੀਂ ਕਿਹਾ ,"ਤੁਸੀਂ ਆਪ ਸੋਚੋ ਕਿ ਇਹਨਾਂ ਕੋਲ ਅਜਿਹੀ ਕਿਹੜੀ ਸ਼ਕਤੀ ਹੈ ਜਿਸ ਨਾਲ ਇਹ ਤੁਹਾਡਾ ਇਲਾਜ ਕਰ ਸਕਣ। ਇਹਨਾਂ ਕੋਲ ਸਿਰਫ਼ ਇੱਕ ਹੀ ਗੱਲ ਹੈ, ਤੁਹਾਨੂੰ ਡਰਾ ਕੇ ਲੁੱਟਣਾ। ਆਪ ਸਿਆਣੇ ਬਣੋ। ਧਾਗੇ ਤਵੀਤ, ਟੂਣੇ -ਟਾਮਣ ਤਿਆਗੋ ਅਤੇ ਵਿਗਿਆਨਕ ਸੋਚ ਅਪਣਾਓ।ਸੁਣੀ ਸੁਣਾਈ ਗੱਲ ਤੇ ਵਿਸ਼ਵਾਸ ਕਰਨ ਦੀ ਥਾਂ ਸੋਚ ਵਿਚਾਰ ਕੇ ਗੱਲ ਮੰਨੋ" ।ਅਸੀਂ ਉਨ੍ਹਾਂ ਨੂੰ ਕੁੱਝ ਗੱਲਾਂ ਦੀ ਹਦਾਇਤ ਕੀਤੀ। ਅਸੀਂ ਕਿਹਾ ਕਿ ਤੁਸੀਂ ਕਦੇ ਵੀ ਕਿਸੇ ਅਖੌਤੀ ਸਿਆਣੇ ਕੋਲ ਪੁੱਛਾਂ ਲੈਣ ਨਹੀਂ ਜਾਣਾ। ਇਸ ਦੀ ਡਿਲੀਵਰੀ ਲਈ ਕਿਸੇ ਮਾਹਰ ਡਾਕਟਰ ਨਾਲ ਸੰਪਰਕ ਕਰੋ, ਤੇ ਡਿਲੀਵਰੀ ਹੋਣ ਤੱਕ ਡਾਕਟਰ ਦੀ ਸਲਾਹ ਲੈਂਦੇ ਰਹੋ।

10 ਦਿਨ ਬਾਅਦ ਅਸੀਂ ਉਨਾਂ ਦੇ ਘਰ ਗਏ, ਸਾਰੇ ਬੜੇ ਖੁਸ਼ ਸਨ। ਸਾਡੀ ਅਚਨਚੇਤ ਆਮਦ ਤੇ ਉਹ ਬਹੁਤ ਜ਼ਿਆਦਾ ਅਹਿਸਾਨਮੰਦ ਮਹਿਸੂਸ ਕਰ ਰਹੇ ਸਨ। ਅਸੀਂ ਕਿਹਾ ਕਿ ਕਈ ਵਾਰੀ ਸਬੰਧਤ ਪਰਿਵਾਰ ਠੀਕ ਹੋਣ ਮਗਰੋਂ ਸਾਡੇ ਨਾਲ ਸੰਪਰਕ ਨਹੀਂ ਕਰਦੇ, ਇਸ ਲਈ ਅਸੀਂ ਠੀਕ ਹੋਣ ਤੱਕ ਪਰਿਵਾਰ ਨਾਲ ਸੰਪਰਕ ਰੱਖਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਸਾਡਾ ਗਿਆਨ ਕਿਸੇ ਦੇ ਕੰਮ ਆ ਸਕੇ। ਕੁੜੀ ਦੇ ਚਿਹਰੇ ਦੀ ਰੌਣਕ ਉਸਦੇ ਠੀਕ ਹੋਣ ਦਾ ਪ੍ਰਗਟਾਵਾ ਸੀ। ਤਰਕਸ਼ੀਲਾਂ ਦੇ ਸਾਰਥਿਕ ਸੁਝਾਵਾਂ ਨਾਲ ਉਸ ਦਾ ਮੁਰਝਾਇਆ ਚਿਹਰਾ ਖਿੜ ਉਠਿਆ ਸੀ।ਕਚੀਲ ਦਾ ਡਰ ਰਫੂ ਚੱਕਰ ਹੋ ਚੁੱਕਿਆ ਸੀ।ਅਸੀਂ ਤਰਕਸ਼ੀਲ ਸਾਥੀ ਬਹੁਤ ਖੁਸ਼ੀ ਮਹਿਸੂਸ ਕਰ ਰਹੇ ਸੀ। ਮਨੋਕਲਪਿਤ ਭੂਤਾਂ ਪ੍ਰੇਤਾਂ ਤੋਂ ਨਾ ਡਰਨ ਤੇ ਅਖੌਤੀ ਸਿਆਣਿਆਂ ਦੇ ਭਰਮ ਜਾਲ ਵਿਚੋਂ ਨਿਕਲਣ ਤੇ ਵਿਗਿਆਨਕ ਸੋਚ ਅਪਨਾਉਣ ਦਾ ਸੁਨੇਹਾ ਦੇ ਕੇ ਅਸੀਂ ਮੁੜ ਆਏ।